ਲਾਲੀ

G. 469

ਗੁਪਾਲ ਸਿੰਘ 'ਦਰਦੀ'
ਐਮ. ਏ.,
ਪ੍ਰੋਫੈਸਰ,
ਡੀ. ਏ. ਵੀ. ਕਾਲਜ,
ਰਾਵਲਪਿੰਡੀ.

ਅਵਤਾਰ ਸਿੰਘ ਬੀ. ਏ. ਮੈਨੇਜਰ
ਪੰਜਾਬੀ ਕਾਲਜ ਬੁਕ ਡਿਪੋ ਨੇ
ਰਾਵਲਪਿੰਡੀ ਤੋਂ ਪ੍ਰਕਾਸ਼ਤ ਕੀਤਾ

ਪ੍ਰ੍ਰ੍ਰ੍ਰ.੪੨੨
2 72 R
26712

ਕਰਤਾ ਦੀ ਆਗਿਆ ਬਿਨਾਂ ਇਸ ਨਾਟਕ ਨੂੰ ਜਾਂ ਇਸ ਦੇ
ਕਿਸੇ ਹਿੱਸੇ ਨੂੰ ਛਾਪਣਾ ਜਾਂ ਸਟੇਜ ਕਰਨਾ ਮਨ੍ਹਾਂ ਹੈ।

ਸ: ਸੰਤੋਖ ਸਿੰਘ ਨੇ
ਗਿਆਨੀ ਪ੍ਰੈਸ ਅੰਮ੍ਰਿਤਸਰ
ਵਿਚ ਛਾਪਿਆ।

ਵਿਆਹ ਜ਼ਿੰਦਗੀ ਦੀ ਇਕ ਅਤਿ ਵੱਡੀ ਘਟਨਾ ਹੈ, ਇਹ ਇਕ ਜ਼ਰੂਰ ਸਾਡੇ ਉਨ੍ਹਾਂ ਅੰਤ੍ਰੀਵ ਲਿੰਗ ਜਜ਼ਬਿਆਂ (Sex instinct) ਤੇ ਪ੍ਰੀਤ ਦੇ ਅਕਹਿ ਸੁਆਦਾਂ ਦਾ ਪ੍ਰਗਟ ਰੂਪ ਹੈ, ਜਿਨ੍ਹਾਂ ਦੀ ਝੁਨਝੁਨੀ ਹਰ ਜੀਵ ਦੇ ਕਿਸੇ ਕੂਲੇ ਕੋਨੇ ਵਿਚ ਸਰਕਦੀ ਹੈ। ਪਰ ਅਜ ਇਹ ਸਾਡੇ ਸਮਾਜ ਵਿਚ ਅਤਿ ਦੁਖ ਦਾ ਕਾਰਨ ਬਣ ਰਿਹਾ ਹੈ। ਪਿਤਾ ਪੁਰਖੀ ਤੇ ਸਮਾਜ ਦੀਆਂ ਗਲਤ ਕੀਮਤਾਂ ਇਸ ਦੁਖ ਦੇ ਪੈਦਾ ਕਰਨ ਦਾ ਵਸੀਲਾ ਹਨ। ਇਨ੍ਹਾਂ ਕਾਰਨਾਂ ਤੇ ਕਾਰਜਾਂ ਦਾ ਵਰਨਨ ਇਹ ਨਾਟਕ ਹੈ। ਪਰ ਮੁਖ-ਕਹਾਣੀ ਦਾ ਅੰਤਲਾ ਸਿੱਟਾ ਨਹੀਂ ਕਢਿਆ ਗਿਆ। ਓਹ ਸਮਾਜ ਆਪ ਸੋਚ ਸਕਦਾ ਹੈ। ਨਾਟਕ-ਕਾਰ ਦਾ ਕੰਮ ਵਰਨਨ ਕਰਨ ਤੇ ਖਤਮ ਹੋ ਜਾਂਦਾ ਹੈ, ਭਾਵੇਂ ਓਹ ਆਪਣੀਆਂ ਰੁਚੀਆਂ ਅਰੁਚੀਆਂ ਵਲ ਲੁਕੇ ਹੋਏ ਇਸ਼ਾਰੇ ਵੀ ਨਾਲ ਦੇ ਨਾਲ ਕਰਦਾ ਜਾਂਦਾ ਹੈ।

ਭੂਮਿਕਾ

ਨਿਤ ਨਵੀਂ ਪੁਗਰਦੀ ਪੰਜਾਬੀ ਸਾਹਿਤ ਵਿਚ "ਲਾਲੀ" ਇਕ ਹੋਰ ਵਾਧਾ ਹੈ। ਸ: ਗੁਪਾਲ ਸਿੰਘ "ਦਰਦੀ", ਐਮ. ਏ. ਇਕ ਨੌਜੁਆਨ, ਹੋਣਹਾਰ ਲਿਖਾਰੀ ਹਨ। ਇਨ੍ਹਾਂ ਦੀ ਪਹਿਲੀ ਕਿਤਾਬ, "ਰੋਮਾਂਟਿਕ ਪੰਜਾਬੀ ਕਵੀ' ਪੰਜਾਬੀ ਸਾਹਿਤਕ ਪਰਖ ਦੀ ਸੜਕ ਉੱਤੇ ਪਹਿਲਾ ਮੀਲੀ-ਪੱਥਰ ਹੈ, ਤੇ ਪਹਿਲੇ ਮੀਲ ਦੀਆਂ ਨੀਝਾਂ ਰਾਹੀ ਦੇ ਦਿਮਾਗ਼ ਵਿਚ ਸਭ ਤੋਂ ਡੂੰਘੀਆਂ ਤੇ ਪਕੀਆਂ ਉਕਰੀਆਂ ਜਾਂਦੀਆਂ ਹਨ।

ਇਹ ਨਹੀਂ, ਕਿ ਇਸ ਤੋਂ ਪਹਿਲਾਂ ਪੰਜਾਬੀ ਪਰਖ ਦੀ ਕੋਈ ਕਿਤਾਬ ਨਹੀਂ ਸੀ ਲਿਖੀ ਗਈ। ਕੁਝ ਕਿਤਾਬਾਂ ਇਸ ਤੋਂ ਪਹਿਲਾਂ ਵੀ ਜ਼ਰੂਰ ਲਿਖੀਆਂ ਗਈਆਂ ਸਨ। ਉਨ੍ਹਾਂ ਸਬੰਧੀ ਇਹ ਕਹਿ ਸਕਦੇ ਹਾਂ ਕਿ ਉਨ੍ਹਾਂ ਦਾ ਉਤਸ਼ਾਹ ਵਡਾ, ਪਰ ਸਾਹਿਤਕ ਗੁਣ ਮਾਮੂਲੀ ਸੀ। 'ਦਰਦੀ' ਜੀ ਦੀ ਕਿਤਾਬ ਦਾ ਉਤਸ਼ਾਹ ਵੀ ਵਡਾ ਹੈ, ਪਰ ਨਾਲ ਈ ਇਸ ਦਾ ਸਾਹਿਤਕ ਪਾਸਾ ਵੀ ਉਚੇ ਦਰਜੇ ਦਾ ਹੈ।

ਇਹ ਨਾਟਕ ਇਨ੍ਹਾਂ ਨੇ ੧੯੩੬ ਵਿਚ ਲਿਖਿਆ ਸੀ। ਉਸ ਵੇਲੇ ਇਹ ਬੀ. ਏ. ਦੇ ਵਿਦਿਆਰਥੀ ਤੇ "ਮੌਜੀ" (ਅੰਮ੍ਰਿਤਸਰ) ਦੇ ਐਡੀਟਰ ਸਨ। "ਮੌਜੀ" ਵਿਚ ਛਾਪਣ ਲਈ "ਲਾਲੀ" ਨੂੰ ਲਿਖਿਆ ਗਿਆ ਸੀ। ਪਰ ਫਿਰ ਇਸ ਅਖਬਾਰ ਵਿਚ, ਜਾਂ ਇਸ ਤੋਂ ਬਾਹਰ, ਪਰਕਾਸ਼ਤ ਕਰਨ ਤੋਂ ਸੰਕੋਚ ਕੀਤੀ। ਹੁਣ ਇਸ ਨੂੰ ਫੇਰ ਦੁਹਰਾਇਆ, ਸੋਧਿਆ, ਸਟੇਜ ਤੇ ਪਰਖਿਆ ਤੇ ਜਦ ਇਸ ਦੀ ਆਮ ਸ਼ਲਾਘਾ ਦਾ ਸਬੂਤ ਮਿਲ ਚੁਕਾ, ਤਾਂ ਇਸ ਨੂੰ ਪ੍ਰਕਾਸ਼ਤ ਕਰ ਦਿਤਾ।

ਪ੍ਰੋ. ਨੰਦਾ ਤੇ ਪ੍ਰੋ: ਸੇਖੋਂ ਦੇ ਨਾਟਕਾਂ ਵਾਂਗ ਇਸ ਨਾਟਕ ਦਾ ਮਜ਼ਮੂਨ ਵੀ ਭਾਈਚਾਰਕ ਕਹਾਣੀ ਹੈ। ਸਮਾਜਕ ਮੈਦਾਨ ਵਿਚ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.